# <u>ਆਮ ਸ਼ਰਤਾਂ</u>

## <u>(ਸਫਾਈ ਅਤੇ ਰੱਖ ਰਖਾਵ ਸਬੰਧੀ ਠੇਕੇ ਦੀਆਂ ਸ਼ਰਤਾਂ)</u>

1. ਪੰਜਾਬ ਸਿਕਿਉਰਟੀ ਸਿਖਲਾਈ ਸੰਸਥਾ ਲੱਡਾ ਕੋਠੀ ਸੰਗਰੂਰ ਵਿਖੇ ਹੋਸਟਲ ਅਤੇ ਕਲਾਸ ਰੂਮਾਂ ਦੀ ਸਫਾਈ ਅਤੇ ਰੱਖ ਰੱਖਾਵ ਦਾ ਠੇਕਾ ਵਿੱਤੀ ਸਾਲ 2●1●-11 ਲਈ ਹੋਵੇਗਾ।

2. ਠੇਕੇਦਾਰ ਉਪਰੋਕਤ ਜ਼ਿਕਰ ਕੀਤੇ ਕੰਮ ਘੱਟ ਤੋਂ ਘੱਟ ਅੱਠ ਕਰਮਚਾਰੀਆਂ ਤੋਂ ਕਰਵਾਏਗਾ ਅਤੇ ਨਿਰਧਾਰਿਤ ਕਾਨੂੰਨਾਂ ਅਤੇ ਜ਼ਾਬਤੇ ਮੁਤਾਬਿਕ ਕੰਮ ਦੇ ਘੰਟੇ ਉਜ਼ਰਤਾਂ ਨਿਯਤ ਕਰੇਗਾ।

3. ਸਫਾਈ ਅਤੇ ਆਲੇ-ਦੁਆਲੇ ਦੇ ਰੱਖ ਰਖਾਵ ਲਈ ਸਾਰੇ ਲੋੜੀਦੇਂ ਸਮਾਨ ਜਿਵੇ ਕਿ ਡਸਟਬਿਨ, ਪੋਚੇ, ਤੇਜ਼ਾਬ, ਫਿਨਾਇਲ, ਸੀਵਰੇਜ਼ ਸਫਾਈ ਦਾ ਸਮਾਨ ਆਦਿ ਦਾ ਖਰਚਾ ਠੇਕੇਦਾਰ ਆਪ ਕਰੇਗਾ।

4. ਹੋਸਟਲਾਂ, ਬਾਥਰੂਮਾਂ, ਰਹਾਇਸ਼ੀ ਕਮਰਿਆਂ, ਕੋਰੀਡੋਰ, ਬਰਾਂਡਿਆਂ ਆਦਿ ਦੀ ਸਫਾਈ ਰੋਜ਼ਾਨਾ ਦੋ ਵਾਰ ਸਵੇਰ-ਸ਼ਾਮ ਕੀਤੀ ਜਾਵੇਗੀ।

6. ਟੈਂਡਰ ਸੀਲ ਬੰਦ ਲਿਫਾਫੇ ਵਿੱਚ 1●●●● ਰੁਪਏ ਦੀ ਈ.ਐਮ.ਡੀ. ਰਾਸ਼ੀ ਦਾ ਡਰਾਫਟ ਜੋ ਪੰਜਾਬ ਪੁਲਿਸ ਸਿਕਿਉਰਟੀ ਕਾਰਪੋਰੇਸ਼ਨ ਚੰਡੀਗੜ੍ਹ ਦੇ ਨਾਂ ਹੋਵੇਗਾ ਸਮੇਤ ਮਿੱਥੀ ਮਿਤੀ/ ਸਮੇਂ ਤੇ ਜਮਾਂ ਕਰਾਇਆ ਜਾਵੇਗਾ। ਠੇਕਾ ਘੱਟ ਰੇਟ ਵਾਲੀ ਏਜੈਂਸੀ ਦੇ ਹੱਕ ਵਿੱਚ ਹੋਣ ਤੇ 1●●●●/- ਰੁਪੈ ਦੀ ਹੋਰ ਰਾਸ਼ੀ ਬਤੌਰ ਸਿਕਿਉਰਟੀ ਕੰਮ ਅਲਾਟ ਹੋਣ ਤੇ ਜਮ੍ਹਾਂ ਕਰਵਾਈ ਜਾਵੇਗੀ ਜਿਸ ਨਾਲ ਕੁਲ ਸਿਕਿਉਰਟੀ ਰਾਸ਼ੀ 2●●●●/- ਰੁਪੈ ਹੋ ਜਾਵੇਗੀ ਜੋ ਠੇਕੇ ਦੀ ਮਿਆਦ ਪੁਗੱਣ ਤੋ ਬਾਅਦ ਉਸਨੂੰ ਮੋੜ ਦਿੱਤੀ ਜਾਵੇਗੀ ਪ੍ਰੰਤੂ ਠੇਕੇ ਦਾ ਕੰਮ ਸੰਤੋਖਜਨਕ ਤਰੀਕੇ ਨਾਲ ਨੇਪਰੇ ਨਾਂ ਚਾੜ੍ਹ ਸਕਣ ਦੀ ਸੂਰਤ ਵਿੱਚ ਸਿਕਿਉਰਟੀ ਰਾਸ਼ੀ ਜ਼ਬਤ ਕਰ ਲਈ ਜਾਵੇਗੀ ।

7. ਠੇਕੇ ਨਾਲ ਸਬੰਧਤ ਧਨ ਰਾਸ਼ੀ ਤੇ ਸੇਵਾ ਕਰ, ਆਮਦਨ ਕਰ ਜਾਂ ਹੋਰ ਨਿਰਧਾਰਿਤ ਕਰਾਂ ਦੀ ਅਦਾਇਗੀ ਠੇਕੇਦਾਰ ਵੱਲੋਂ ਆਪਣੇ ਤੋਰ ਤੇ ਨਿਸਚਿਤ ਸਮੇਂ ਤੇ ਕਰਕੇ ਸਬੰਧਤ ਵਿਭਾਗ ਵੱਲੋਂ ਇਸ ਸਬੰਧੀ ਕੋਈ ਬਕਾਇਆ ਨਾ ਹੋਣ ਦਾ ਸਰਟੀਫਿਕੇਟ ਪੰਜਾਬ ਪੁਲਿਸ ਸਿਕਿਉਰਿਟੀ ਕਾਰਪੋਰੇਸ਼ਨ ਦੇ ਦਫਤਰ ਸੁਨਿਸ਼ਚਿਤ ਸਮੇਂ ਤੇ ਪੇਸ਼ ਕਰਨਾ ਪਵੇਗਾ।

8. ਠੇਕੇਦਾਰ ਦੇ ਕਾਰਗੁਜਾਰੀ ਦਾ ਮੁੱਲਅੰਕਣ ਰੋਜ ਮਰ੍ਹਾ ਦੇ ਆਧਾਰ ਤੇ ਇਸ ਮਕਸਦ ਲਈ ਨਾਮਜਦ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਕੀਤਾ ਜਾਵੇਗਾ ਅਤੇ ਕੰਮ ਦਾ ਮਿਆਰ ਸੰਤੋਖਜਨਕ ਨਾ ਹੋਣ ਦੀ ਸੂਰਤ ਵਿੱਚ ਅਦਾਇਗੀ ਤੇ ਰੋਕ ਲਾ ਦਿੱਤੀ ਜਾਵੇਗੀ।

9. ਠੇਕੇਦਾਰ ਅਤੇ ਉਸਦੇ ਕਰਮਚਾਰੀ ਟਰੇਨਿੰਗ ਸੈਂਟਰ ਦੇ ਨਿਯਮਾਂ ਅਤੇ ਕਾਰਜ ਪ੍ਰਣਾਲੀਆਂ ਦੇ ਪਾਬੰਦ ਹੋਣਗੇ ਅਤੇ ਕਿਸੇ ਵੀ ਅਜਿਹੀ ਗਤੀਵਿਧੀ ਵਿੱਚ ਸ਼ਾਮਲ ਨਹੀ ਹੋਣਗੇ ਜੋ ਗੈਰ ਕਾਨੂੰਨੀ ਅਤੇ ਟਰੇਨਿੰਗ ਸੈਂਟਰ ਦੇ ਪ੍ਰਿਸਰ ਵਿੱਚ ਵਰਜਿਤ ਹਨ।

10. ਠੇਕੇਦਾਰ ਆਪਣੇ ਤੌਰ ਤੇ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਉਸਦੇ ਕਿਸੇ ਵੀ ਕਰਮਚਾਰੀ ਵੱਲੋਂ ਪੰਜਾਬ ਪੁਲਿਸ ਦੇ ਸੁਰੱਖਿਆ ਪੱਖੋ ਸੰਵੇਦਨਸ਼ੀਲ ਪ੍ਰਿਸਰ (ਪੀ.ਆਰ.ਟੀ.ਸੀ. ਲੱਡਾ ਕੋਠੀ ਸੰਗਰੂਰ ) ਵਿੱਚ ਸਿਖਲਾਈ ਹਾਸਲ ਕਰਦੇ ਜਾਂ ਰਿਹਾਇਸ ਰੱਖਦੇ ਪੁਲਿਸ ਅਤੇ ਸਿਵਲੀਅਨ ਕਰਮੀਆਂ ਅਤੇ ਸਿਖਿਆਰਥੀਆਂ ਨੂੰ ਕਿਸੇ ਕਿਸਮ ਦਾ ਕੋਈ ਖ਼ਤਰਾ ਨਹੀ ਹੈ।

11. ਠੇਕੇਦਾਰ ਸਫਾਈ ਆਦਿ ਲਈ ਪੂਰੀ ਤਰ੍ਹਾਂ ਨਸ਼ਾ ਮੁਕਤ ਅਤੇ ਸਿਹਤਮੰਦ ਕਰਮਚਾਰੀਆਂ ਦੀਆਂ ਸੇਵਾਵਾਂ ਦਾ ਇਸਤੇਮਾਲ ਕਰੇਗਾ ਅਤੇ ਆਪਣੇ ਕਰਮਚਾਰੀਆਂ ਦੇ ਬਿਮਾਰੀ ਮੁਕਤ ਹੋਣ ਦੀ ਤਸਦੀਕ ਕਰਾਉਣ ਲਈ ਠੇਕੇ ਦੀ ਸ਼ੁਰੂਆਤ ਸਮੇਂ ਅਤੇ ਹਰ ਤਿੰਨ ਮਹੀਨੇ ਬਾਅਦ ਉਹਨਾਂ ਦੀ ਸਿਹਤ ਦਾ ਸਰਕਾਰੀ ਡਾਕਟਰਾਂ ਤੋਂ ਵਿਸਤ੍ਰਿਤ ਮੁਆਇਨਾ ਕਰਵਾਵੇਗਾ ਅਤੇ ਇਸ ਦੀ ਰਿਪੋਟ ਇਸ ਮਕਸਦ ਲਈ ਨਾਮਜਦ ਕਮੇਟੀ ਸਾਹਮਣੇ ਪੇਸ਼ ਕਰਨ ਦਾ ਜਿੰਮੇਵਾਰ ਹੋਵੇਗਾ।

12. ਸੀਵਰੇਜ਼ ਪਾਈਪਾਂ ਰਾਹੀ ਪਾਣੀ ਦੇ ਦਰੁਸਤ ਨਿਕਾਸ ਨੂੰ ਨਿਰਵਿਘਨ ਚਲਾਉਣ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ।

13. ਠੇਕੇਦਾਰ ਕੂੜੇ-ਕਚਰੇ ਨੂੰ ਕੈਂਪਸ ਦੇ ਰਹਾਇਸ਼ੀ ਅਤੇ ਸਿਖਲਾਈ ਇਲਾਕਿਆਂ ਤੋਂ ਦੂਰ ਇਸ ਮੱਕਸਦ ਲਈ ਨਿਰਧਾਰਿਤ ਜਗ੍ਹਾ ਤੇ ਆਪਣੇ ਕਰਮਚਾਰੀਆਂ ਦੁਆਰਾ ਸੁਟਵਾਉਣ ਦਾ ਜ਼ਿੰਮੇਵਾਰ ਹੋਵੇਗਾ ਅਤੇ ਇਸ ਮਕਸਦ ਲਈ ਲੋੜੀਦੇ ਉਪਕਰਣਾਂ/ ਮਸ਼ੀਨਰੀ ਦਾ ਯੋਗ ਪ੍ਰਬੰਧ ਕਰੇਗਾ।

14. ਠੇਕੇਦਾਰ ਨੂੰ ਠੇਕੇ ਦੀ ਕੁੱਲ ਰਾਸ਼ੀ ਦਾ ਬਣਦਾ ਹਿੱਸਾ ਬਰਾਬਰ ਦੀਆਂ ਮਾਹਵਾਰੀ ਕਿਸ਼ਤਾਂ ਵਿੱਚ ਚੈਕ/ਡਰਾਫਟ ਰਾਹੀਂ ਮਹੀਨੇ ਦੇ ਪਹਿਲੇ ਹਫਤੇ ਵਿੱਚ ਮੁੱਖ ਦਫਤਰ ਪੰਜਾਬ ਪੁਲਿਸ ਸਿਕਿਉਰਟੀ ਕਾਰਪੋਰੇਸ਼ਨ ਦੁਆਰਾ ਅਦਾ ਕਰ ਦਿੱਤਾ ਜਾਵੇਗਾ ।

15. ਕੰਮ ਅਲਾਟ ਹੋਣ ਤੇ ਠੇਕੇਦਾਰ ਨੂੰ ਆਪਣੇ ਬਿਲ ਨਾਲ ਇਨਕੰਮ ਟੈਕਸ ਨਾਲ ਸਬੰਧਤ PAN ਦੀ ਕਾਪੀ ਅਤੇ ਕੰਮ ਤੇ ਲਗਾਏ ਕਰਮੀਆਂ ਦੇ ਪੂਰੇ ਪਤੇ ਅਤੇ ਹੋਰ ਲੋੜ ਪੈਣ ਤੇ ਲੋੜੀਂਦੇ ਦਸਤਾਵੇਜ ਮੁੱਖ ਦਫਤਰ ਨੂੰ ਪੇਸ਼ ਕਰਨੇ ਹੋਣਗੇ ।

16. ਉਪਰੋਕਤ ਸ਼ਰਤਾਂ ਵਿੱਚ ਟਰੇਨੀਆਂ ਅਤੇ ਸੰਸਥਾ ਦੇ ਹਿੱਤਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਨਾ ਟਾਲੀਆਂ ਜਾਣ ਵਾਲੀਆਂ ਪ੍ਰਸਥਿਤੀਆਂ ਵਿੱਚ ਜਾਇਜ ਤਰਮੀਮ ਕਰਨ ਦਾ ਹੱਕ ਸੰਸਥਾ ਦਾ ਰਾਖਵਾਂ ਹੋਵੇਗਾ।